URC-C-PNJB

# ਪੰਜਾਬੀ / PUNJABI

( ਲਾਜ਼ਮੀ ) / ( COMPULSORY )

**2020**

ਨਿਰਧਾਰਿਤ ਸਮਾਂ : ਤਿੰਨ ਘੰਟੇ
Time Allowed : Three Hours

ਕੁੱਲ ਅੰਕ : 300
Maximum Marks : 300

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।*

*ਹਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।*

*ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ* ***ਪੰਜਾਬੀ (ਗੁਰਮੁਖੀ ਲਿਪੀ)*** *ਵਿੱਚ ਹੀ ਲਿਖੋ ।*

*ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ–ਸੀਮਾ ਦਿੱਤੀ ਗਈ ਹੈ ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ ਤਾਂ ਅੰਕ ਕੱਟੇ ਜਾ ਸਕਦੇ ਹਨ ।*

*ਉੱਤਰ–ਕਾਪੀ ਦੇ ਖ਼ਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।*

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in* ***PUNJABI (Gurumukhi script)*** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009
raadheythevisiion.in

**Q1.** ਹੇਠ ਲਿਖਿਆਂ ਵਿਚੋਂ ਕਿਸੇ *ਇੱਕ* ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ : ***100***

(a) ਭਾਰਤ ਵਿੱਚ ਸਿਹਤ ਸੇਵਾਵਾਂ ਦੀ ਸਥਿਤੀ

(b) ਭਾਰਤੀ ਖੇਤੀ ਕਾਨੂੰਨ, 2020 ਦੀ ਸਾਰਥਕਤਾ

(c) ਰਾਸ਼ਟਰੀ ਸਿੱਖਿਆ ਨੀਤੀ (NEP), 2020 ਦੀਆਂ ਚੁਣੌਤੀਆਂ

(d) ਵਰਤਮਾਨ ਸਮੇ ਵਿੱਚ ਬਣਾਵਟੀ ਗਿਆਨ (Artificial Intelligence) ਦੀ ਵਰਤੋਂ

**Q2.** **ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿੱਚ ਦਿਉ :** ***12×5=60***

ਜੀਵਨ ਅਤੇ ਵਾਤਾਵਰਣ ਇੱਕ ਦੂਜੇ ਨਾਲ ਬੜੀ ਡੂੰਘੀ ਤਰ੍ਹਾਂ ਜੁੜੇ ਹੋਏ ਹਨ । ਸਾਰੇ ਜੀਵਤ ਪ੍ਰਾਣੀਆਂ ਦਾ ਜੀਵਨ ਉਨ੍ਹਾਂ ਦੇ ਵਾਤਾਵਰਣ ਦੀ ਹੀ ਉਪਜ ਹੁੰਦਾ ਹੈ । ਇਸ ਲਈ ਸਾਡਾ ਤਨ ਮਨ ਦੀ ਰਚਨਾ, ਸ਼ਕਤੀ, ਸਮਰੱਥਾਵਾਂ ਅਤੇ ਵਿਲੱਖਣ ਵਿਸ਼ੇਸ਼ਤਾਵਾਂ ਵਾਤਾਵਰਣ ਰਾਹੀਂ ਹੀ ਨਿਯਮਤ ਹੁੰਦੀ ਹਨ, ਉਸ ਵਿਚ ਨਿਰੰਤਰ ਬਣੀਆਂ ਰਹਿੰਦੀਆਂ ਹਨ ਅਤੇ ਵਿਕਾਸ ਪਾਉਂਦੀਆਂ ਹਨ । ਵਾਸਤਵ ਵਿੱਚ ਜੀਵਨ ਤੇ ਵਾਤਾਵਰਣ ਇੰਨਾ ਨੇੜਿਉਂ ਜੁੜੇ ਹੋਏ ਹਨ ਕਿ ਦੋਵਾਂ ਵਿੱਚ ਸਹਿ-ਹੋਂਦ ਜ਼ਰੂਰੀ ਹੈ ।

ਵਾਤਾਵਰਣ ਮਨੁੱਖ ਨੂੰ ਪ੍ਰਕ੍ਰਿਤੀ ਵੱਲੋਂ ਮਿਲੀ ਸੁਰੱਖਿਆ ਛੱਤਰੀ ਹੈ । ਇਹ ਮਨੁੱਖੀ ਜੀਵਾਂ ਦਾ ਪਾਲਣਹਾਰ ਅਤੇ ਜੀਵਨ ਆਧਾਰ ਹੈ । ਵਾਤਾਵਰਣ ਪ੍ਰਕ੍ਰਿਤੀ ਦੀ ਦੇਣ ਹੈ । ਸਾਡੀ ਭੂਮੀ, ਵਨ-ਪਰਬਤਾਂ, ਨਦੀ-ਝੀਲਾਂ, ਮਾਰੂਥਲਾਂ, ਮੈਦਾਨਾਂ, ਘਾਹ ਦੇ ਜੰਗਲਾਂ ਰੰਗ-ਬਰੰਗੇ ਪਸ਼ੂ ਪੰਛੀਆਂ, ਸਾਫ਼ ਤੇ ਸਵੱਛ ਪਾਣੀ ਨਾਲ ਭਰੀਆਂ ਝੀਲਾਂ ਅਤੇ ਸਰੋਵਰਾਂ ਨਾਲ ਭਰਪੂਰ ਹੈ । ਇਸ ਤੋਂ ਇਲਾਵਾ ਠੰਡੀਆਂ, ਸੁਗੰਧ ਭਰਪੂਰ ਹਵਾਵਾਂ ਉਤੇ ਉੱਡਦੇ ਅਤੇ ਪਾਣੀ ਵਰਸਾਉਂਦੇ ਬੱਦਲ — ਇਹ ਸਭ ਧਰਤੀ ਤੇ ਬਸਣ ਵਾਲੇ ਮਨੁੱਖੀ ਜੀਵਾਂ ਦੇ ਵਿਕਾਸ ਅਤੇ ਸੁਖ-ਸਮ੍ਰਿਧੀ ਲਈ ਸੰਤੁਲਿਤ ਵਾਤਾਵਰਣ ਦਾ ਸਿਰਜਣਾ ਕਰਦੇ ਹਨ । ਪ੍ਰੰਤੂ ਵਾਤਾਵਰਣ ਦਾ ਇਹ ਪ੍ਰਕ੍ਰਿਤੀਕ ਸੰਤੁਲਨ ਬੜੀ ਤੇਜ਼ੀ ਨਾਲ ਵਿਗੜ ਰਿਹਾ ਹੈ । ਹੈਰਾਨੀ ਦੀ ਗੱਲ ਹੈ ਕਿ ਮਨੁੱਖ ਧਰਤੀ ਦੇ ਇਨ ਸ੍ਰੋਤਾਂ ਦਾ ਕਿਤਨਾ ਅੰਧਾ-ਧੁੰਦ ਕੁਦਰਤ ਵੱਲੋਂ ਮਿਲੀ ਇਸ ਨਿਆਮਤ ਨੂੰ ਬਰਬਾਦ ਕਰ ਰਿਹਾ ਹੈ, ਉਹ ਇਸਦੇ ਵਰਦਾਨਾਂ ਦਾ ਇਸ ਪ੍ਰਕਾਰ ਅਵਿਵੇਕਪੂਰਨ ਦੁਰਵਰਤੋਂ ਕਰ ਰਿਹਾ ਹੈ ਕਿ ਸਾਡਾ ਪ੍ਰਕ੍ਰਿਤੀ-ਤੰਤਰ ਅਸੰਤੁਲਿਤ ਹੋ ਗਿਆ ਹੈ । ਉਹ ਦਿਨ ਦੂਰ ਨਹੀਂ ਲੱਗਦਾ ਜਦੋਂ ਧਰਤੀ 'ਤੇ ਹਜ਼ਾਰਾਂ ਸਾਲਾਂ ਪੁਰਾਣਾ ਹਿੰਮ ਯੁੱਗ ਵਾਪਸ ਪਰਤ ਆਵੇਗਾ ਅਤੇ ਧਰੁਵਾਂ ਉੱਤੇ ਜੰਮੀ ਬਰਫ਼ ਦੀ ਮੋਟੀ ਤਹਿ ਦੇ ਪਿਘਲਣ ਨਾਲ ਸਮੁੰਦਰ ਦੀਆਂ ਵਿਨਾਸ਼ਕਾਰੀ ਲਹਿਰਾਂ ਸ਼ਹਿਰਾਂ, ਵਨ-ਪਰਬਤਾਂ ਅਤੇ ਜੀਵ-ਜੰਤੂਆਂ ਨੂੰ ਨਿਗਲ ਜਾਣਗੀਆਂ ।



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਨਿਸ਼ਚਤ ਹੀ ਵਾਤਾਵਰਣ ਨੂੰ ਵਿਕ੍ਰਤ ਅਤੇ ਦੂਸ਼ਿਤ ਕਰਣ ਵਾਲੀ ਸਾਡੀਆਂ ਵਿਪਦਾਵਾਂ ਅਸੀਂ ਅਪਣੀ ਹੀ ਲਿਆਈ ਹੁੰਦੀ ਹਨ । ਅਸੀਂ ਖੁਦ ਪ੍ਰਕ੍ਰਿਤੀ ਦਾ ਸੰਤੁਲਨ ਵਿਗਾੜ ਰਹੇ ਹਨ । ਇਸ ਅਸੰਤੁਲਨ ਦੇ ਕਾਰਨ ਭੂਮੀ, ਹਵਾ, ਪਾਣੀ ਅਤੇ ਆਵਾਜ਼ ਪ੍ਰਦੂਸ਼ਣ ਫੈਲ ਰਿਹਾ ਹੈ । ਵਾਤਾਵਰਣ ਪ੍ਰਦੂਸ਼ਣ ਨਾਲ ਫੇਫੜਿਆਂ ਦੇ ਰੋਗ, ਦਿਲ ਅਤੇ ਪੇਟ ਦੀਆਂ ਬਿਮਾਰੀਆਂ, ਅੱਖਾਂ ਅਤੇ ਕੰਨ ਦੇ ਰੋਗ, ਕਈ ਤਦਾਂ ਦੇ ਮਾਨਸਿਕ ਤੇ ਹੋਰ ਤਣਾਉ ਨਾਲ ਸੰਬੰਧਤ ਬੀਮਾਰੀਆਂ ਪੈਦਾ ਹੋ ਰਹੀਆਂ ਹਨ । ਅਸੀਂ ਸਾਰੇ ਇਸ ਤੱਥ ਤੋਂ ਭਲੀ ਭਾਂਤ ਵਾਕਿਫ਼ ਹਾ ਕਿ ਧਰਤੀ ਤੇ ਜੀਵਨ ਪ੍ਰਕ੍ਰਿਤੀ ਸੰਤੁਲਨ ਤੋਂ ਹੀ ਸੰਭਵ ਹੋ ਸਕਦਾ ਹੈ । ਧਰਤੀ ਬਨਸਪਤੀ ਨਾਲ ਢੱਕ ਨਾ ਜਾਏ, ਇਸ ਲਈ ਘਾਹ ਖਾਣ ਵਾਲੇ ਜੀਵ ਪ੍ਰਯਾਪਤ ਸੰਖਿਆ ਵਿੱਚ ਸਨ । ਘਾਹ ਖਾਣ ਵਾਲੇ ਜੀਵਾਂ ਦੀ ਸੰਖਿਆ ਨੂੰ ਸੰਤੁਲਿਤ ਤੇ ਸੀਮਤ ਰੱਖਣ ਲਈ ਮਾਸਾਹਾਰੀ ਜੀਵਾਂ ਦੀ ਹੋਂਦ ਹੈ । ਇਸ ਤਰ੍ਹਾਂ ਇਨ੍ਹਾਂ ਤਿੰਨਾਂ ਦਾ ਅਨੁਪਾਤ ਸੰਤੁਲਿਤ ਅਤੇ ਨਿਯਮਤ ਹੈ । ਆਧੁਨਿਕ ਯੁੱਗ ਦੇ ਆਉਣ ਨਾਲ ਸਇੰਸ ਦੇ ਖੇਤਰ ਵਿੱਚ ਹੋਈਆਂ ਨਵੀਆਂ ਖੋਜਾਂ ਅਤੇ ਉਦਯੋਗਿਕ ਧੰਦੇ ਦੇ ਵਿਕਾਸ–ਫੈਲਾਅ ਦੇ ਨਾਲ–ਨਾਲ ਜਨਸੰਖਿਆ ਵਿਸਫੋਟ ਵੀ ਹੋਇਆ ਹੈ ।

(a) 'ਜੀਵਨ ਅਤੇ ਵਾਤਾਵਰਣ ਇੱਕ ਦੂਜੇ ਨਾਲ ਬੜੀ ਡੂੰਘੀ ਤਰ੍ਹਾਂ ਜੁੜੇ ਹੋਏ ਹਨ ।' ਇਸ ਕਥਨ ਬਾਰੇ ਟਿੱਪਣੀ ਕਰੋ । 12

(b) ਵਾਤਾਵਰਣ ਅਤੇ ਪ੍ਰਕ੍ਰਿਤੀ ਦਾ ਕੀ ਸੰਬੰਧ ਮਨਿਆ ਗਿਆ ਹੈ ? 12

(c) ਪ੍ਰਕ੍ਰਿਤੀ ਸੰਤੁਲਿਤ ਵਾਤਾਵਰਣ ਦਾ ਨਿਰਮਾਣ ਕਿਵੇਂ ਕਰਦੀ ਹਨ ? 12

(d) ਵਾਤਾਵਰਣ ਅਸੰਤੁਲਨ ਦੇ ਕਾਰਣ ਕੀ ਖਤਰੇ ਹੁੰਦੇ ਹਨ ? 12

(e) ਵਾਤਾਵਰਣ ਪ੍ਰਦੂਸ਼ਣ ਦੁਆਰਾ ਕਿਹੜੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ ? 12

**Q3. ਹੇਠ ਲਿਖੇ ਪੈਰ੍ਹੇ ਦਾ ਸਾਰ ਲਗਭਗ ਇੱਕ ਤਿਹਾਈ ਸ਼ਬਦਾਂ ਵਿਚ ਲਿਖੋ । ਇਸਦਾ ਸਿਰਲੇਖ ਲਿਖਣ ਦੀ ਜ਼ਰੂਰਤ ਨਹੀਂ ਹੈ । ਸੰਖੇਪ ਸਾਰ ਨੂੰ ਅਪਣੇ ਸ਼ਬਦਾਂ ਵਿੱਚ ਲਿਖੋ :** 60

ਭਾਰਤ ਦੀ ਏਕਤਾ ਅਤੇ ਸੁਤੰਤਰਤਾ ਇੱਕੋ ਤਸਵੀਰ ਦੇ ਦੋ ਪਹਿਲੂ ਹਨ । ਜੇਕਰ ਸਾਡੀ ਏਕਤਾ ਹੱਥੋਂ ਨਿਕਲਦੀ ਹੈ ਤਾਂ ਸਾਡੀ ਸੁਤੰਤਰਤਾ ਵੀ ਆਪਣੇ ਆਪ ਖਤਮ ਹੋ ਜਾਏਗੀ । ਇਸ ਲਈ ਹਰ ਭਾਰਤੀ ਦਾ ਪਹਲਾ ਕਰਤੱਵ ਹੈ ਕਿ ਉਹ ਰਾਸ਼ਟਰੀ ਏਕਤਾ ਨੂੰ ਬਣਾਈ ਰੱਖਣ ਲਈ ਪੂਰੀ ਨਿਸ਼ਠਾ ਨਾਲ ਕੰਮ ਕਰੇ । ਦੇਸ਼ ਅਪਣੀ ਸਾਡੀਆਂ ਭਾਸ਼ਾਈ ਸਮਸਿਆਵਾਂ ਤੋਂ ਵੀ ਬੜਾ ਅਤੇ ਵਿਸ਼ਾਲ ਹੈ । ਏਕਤਾ ਦੀ ਰੱਖਿਆ ਲਈ ਸਾਨੂੰ ਅਪਮਾਨ ਸਹਿਣਾ ਪਵੇ ਤਾਂ ਸਹਿ ਲੈਣਾ ਚਾਹੀਦਾ ਹੈ । ਏਕਤਾ ਦੀ ਰੱਖਿਆ ਲਈ ਅਨਿਆਂ ਸਹਿਣਾ ਪਵੇ ਤਾਂ ਸਾਨੂੰ ਉਹ ਅਨਿਆਂ ਸਹਿਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ । ਇਹ ਸਭ ਸਹਿਣ ਲਈ ਇਸ ਲਈ ਤਿਆਰ ਰਹਿਣਾ ਚਾਹੀਦਾ ਹੈ ਕਿਉਂਕਿ ਜਦੋ ਭਾਰਤ ਰਾਸ਼ਟਰ ਵਜੋਂ



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਮਜ਼ਬੂਤ ਤੇ ਸਥਿਰ ਹੋਵੇਗਾ ਤਾਂ ਕੋਈ ਬਾਹਰੀ ਤਾਕਤ ਇਸਦਾ ਅਪਮਾਨ ਨਹੀਂ ਕਰ ਸਕਦੀ । ਇਸ ਨਾਲ ਦੇਸ਼ ਦਾ ਇੱਕ ਭਾਗ ਦੂਜੇ ਨਾਲ ਅਨਿਆਂ ਕਰਨ ਦਾ ਹੌਂਸਲਾ ਨਹੀਂ ਕਰ ਸਕੇਗਾ । ਜੇਕਰ ਸਾਡੀ ਆਰਥਿਕਤਾ ਸਥਿਰ ਹੋਵੇਗੀ, ਅੰਦਰੂਨੀ ਟਕਰਾਅ ਆਪਣੇ ਆਪ ਖਤਮ ਹੋ ਜਾਣਗੇ । ਅੰਦਰੂਨੀ ਟਕਰਾਅ ਜੇਕਰ ਹੋਣਗੇ ਵੀ, ਤਾਂ ਪਹਿਲਾਂ ਵਰਗੀ ਕੁੜੱਤਣ ਨਹੀਂ ਹੋਏਗੀ । ਇਸਦਾ ਕਾਰਨ ਇਹ ਹੈ ਕਿ ਆਰਥਿਕ ਖੁਸ਼ਹਾਲੀ ਲੋਕਾਂ ਦੇ ਵਿਵਹਾਰ ਵਿੱਚ ਤਬਦੀਲੀ ਲਿਆਉਂਦੀ ਹੈ ।

ਰਾਸ਼ਟਰੀ ਏਕਤਾ ਦੀ ਰੱਖਿਆ ਦੇ ਨਾਲ-ਨਾਲ ਸਾਡਾ ਦੂਜਾ ਕਰਤੱਵ ਇਹ ਬਣਦਾ ਹੈ ਕਿ ਅਸੀਂ ਭਾਰਤ ਦੇ ਉਸ ਤਦਾਂ ਦੇ ਰਾਸ਼ਟਰ ਦਾ ਨਿਰਮਾਣ ਕਰਨ ਦੀ ਕੋਸ਼ਿਸ ਕਰੀਏ ਜਿਸ ਤਰਾਂ ਦੇ ਰਾਸ਼ਟਰ ਨਿਰਮਾਣ ਦਾ ਸੁਪਨਾ ਆਜ਼ਾਦੀ ਦੇ ਸੰਘਰਸ਼ ਦੌਰਾਨ ਲਿਆ ਗਿਆ ਸੀ । ਅੱਜ ਤੋਂ ਲੱਗਭੱਗ 73 ਸਾਲ ਪਹਿਲਾਂ ਭਾਰਤ ਨੂੰ ਆਜ਼ਾਦੀ ਮਿਲੀ, ਪਰ ਅਜੇ ਬਹੁਤ ਕੁਝ ਕਰਨਾ ਬਾਕੀ ਹੈ । ਆਜ਼ਾਦੀ ਤੋਂ ਭਾਵ ਸਿਰਫ਼ ਭੋਜਨ ਪ੍ਰਾਪਤੀ ਤੱਕ ਸੀਮਤ ਨਹੀਂ, ਆਜ਼ਾਦੀ ਤੋਂ ਭਾਵ ਸਿਰਫ਼ ਉਦਯੋਗ ਲਾਉਣ ਦੀ ਸਮਰੱਥਾ ਪੈਦਾ ਕਰਨਾ ਹੀ ਨਹੀਂ । ਸੁਤੰਤਰਤਾ ਦਾ ਸਹੀ ਅਰਥ ਆਤਮਾ ਦੀ ਸੁਤੰਤਰਤਾ, ਮਾਨਵ ਦੀ ਆਜ਼ਾਦੀ ਹੈ ਜਿਸ ਨਾਲ ਰਾਸ਼ਟਰ ਆਪਣੇ ਵਿਅਕਤੀਤਵ ਨੂੰ ਪੂਰਨ ਰੂਪ ਵਿੱਚ ਅਭਿਵਿਅਕਤ ਕਰ ਸਕੇ । ਭੁੱਖੇ ਵਿਅਕਤੀ ਦੇ ਅੱਗੇ ਦਾਰਸ਼ਨਿਕ ਗੱਲਾਂ ਕਰਨੀਆਂ ਵਿਅਰਥ ਹਨ ।

ਭਾਰਤ ਕੋਈ ਨਵਾਂ ਦੇਸ਼ ਨਹੀਂ ਹੈ । ਜਿਸ ਭਾਸ਼ਾ ਵਿਚ ਉਸਦੀ ਸੰਸਕ੍ਰਿਤੀ ਦਾ ਵਿਕਾਸ ਹੋਇਆ, ਉਹ ਵਿਸ਼ਵ ਦੀ ਸਭ ਤੋਂ ਪ੍ਰਾਚੀਨ ਭਾਸ਼ਾ ਹੈ; ਜੋ ਗ੍ਰੰਥ ਭਾਰਤੀ ਸਭਿਅਤਾ ਦਾ ਆਦਿ ਗ੍ਰੰਥ ਸਮਝਿਆ ਜਾਂਦਾ ਹੈ, ਉਹ ਸੰਪੂਰਨ ਮਾਨਵਤਾ ਦਾ ਪ੍ਰਾਚੀਨਤਮ ਗ੍ਰੰਥ ਹੈ । ਅਨੇਕ ਵਿਦੇਸ਼ੀ ਹਮਲਿਆਂ ਦੇ ਬਾਵਜੂਦ ਭਾਰਤ ਨੇ ਆਪਣੀ ਸੰਸਕ੍ਰਿਤੀ ਤੋਂ ਮੁੱਖ ਨਹੀਂ ਮੋੜਿਆ । ਨਵਾਂ ਤਕਨੀਕੀ ਤੇ ਵਿਗਿਆਨਕ ਸਭਿਆਚਾਰ ਵੀ ਭਾਰਤ ਦੇ ਆਪਣੇ ਅਤੀਤ ਪ੍ਰਤੀ ਪ੍ਰੇਮ ਨੂੰ ਘਟਾ ਨਹੀਂ ਸਕਿਆ । ਸੱਚ ਸਿਰਫ਼ ਉਹੀ ਨਹੀਂ ਜੋ ਪਿਛਲੇ 250 ਸਾਲਾਂ ਵਿੱਚ ਸਾਡੇ ਸਾਹਮਣੇ ਪਰੋਸਿਆ ਗਿਆ, ਸਗੋਂ ਗਿਆਨ ਦੇ ਅਨੇਕਾਂ ਉਹ ਅੰਸ਼ ਵੀ ਸੱਚ ਹਨ ਜਿਨ੍ਹਾਂ ਦਾ ਵਿਕਾਸ ਪਿਛਲੇ 6000 ਸਾਲਾਂ ਵਿੱਚ ਹੋਇਆ । ਭਾਰਤ ਨੂੰ ਅਜਿਹੇ ਯੁੱਗ ਦੀ ਜ਼ਰੂਰਤ ਹੈ ਜੋ ਪਦਾਰਥਕ ਖੁਸ਼ਹਾਲੀ ਪ੍ਰਦਾਨ ਕਰੇ । ਇਸਦੇ ਨਾਲ-ਨਾਲ ਅਤੀਤ ਦੇ ਅਜਿਹੇ ਸੱਚ ਦੀ ਵੀ ਜ਼ਰੂਰਤ ਹੈ ਜੋ ਨੈਤਿਕ ਹੈ ਅਤੇ ਜਿਹੜਾ ਆਤਮਾਂ ਦੇ ਹਨਨ ਨੂੰ ਪਾਪ ਸਮਝਦਾ ਹੈ ।

ਵਿਗਿਆਨ ਅਤੇ ਤਕਨਾਲੋਜੀ ਦਾ ਯੁੱਗ ਸੁਰੂ ਹੋਣ ਤੋਂ ਬਾਅਦ ਵਿਸ਼ਵ ਦੇ ਬਹੁਤੇ ਦੇਸ਼ਾਂ ਵਿੱਚ ਪੁਰਾਤਨ ਅਤੇ ਨਵੇਂ ਮੁੱਲਾਂ/ਮਾਨਤਾਵਾਂ ਵਿਚਕਾਰ ਤਣਾਅ ਪੈਦਾ ਹੋਇਆ ਹੈ । ਅੱਜ ਬਹੁਤੇ ਦੇਸ਼ਾਂ ਵਿੱਚ ਅਤੀਤ ਪਰਾਜਿਤ ਅਤੇ ਵਰਤਮਾਨ ਜੇਤੂ ਹੋ ਰਿਹਾ ਹੈ । ਭਾਰਤ ਇੱਕੋ-ਇੱਕ ਅਜਿਹਾ ਦੇਸ਼ ਹੈ ਜਿੱਥੇ ਲੰਮੇ ਸ਼ਮੇਂ ਤੋਂ ਅਤੀਤ ਵਰਤਮਾਨ ਨਾਲ ਦਸਤਪੰਜਾ ਲੈ ਰਿਹਾ ਹੈ ।



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

ਭਾਰਤ ਵਿਚਲਾ ਪ੍ਰਾਚੀਨ ਗਿਆਨ ਨਾ ਤਾਂ ਕਦੀ ਕਮਜ਼ੋਰ ਪਿਆ ਹੈ ਤੇ ਨਾ ਹੀ ਅਪ੍ਰਸੰਗਿਕ ਹੋਇਆ ਹੈ । ਭਾਰਤ ਦਾ ਅਤੀਤ ਹਮੇਸ਼ਾ ਵਰਤਮਾਨ ਨੂੰ ਨਾਲ ਲੈ ਕੇ ਭਵਿੱਖ ਵੱਲ ਵੱਧਿਆ ਹੈ । ਭਾਰਤ ਹਮੇਸ਼ਾਂ ਦੀ ਤਰ੍ਹਾਂ ਅੱਜ ਵੀ ਆਪਣੇ ਵਿਕਾਸਮਈ ਮਾਰਗ 'ਤੇ ਅੱਗੇ ਵੱਧ ਰਿਹਾ ਹੈ । ਰਾਮਾਕ੍ਰਿਸ਼ਨ ਅਤੇ ਵਿਵੇਕਾਨੰਦ, ਤਿਲਕ ਅਤੇ ਅਰਵਿੰਦੋ ਆਦਿ ਵਰਗੀਆਂ ਮਹਾਨ ਸ਼ਖਸੀਅਤਾਂ ਹਮੇਸ਼ਾ ਅਤੀਤ ਦੇ ਗਿਆਨ ਦੇ ਪੱਖ ਵਿੱਚ ਰਹੀਆਂ ਹਨ । ਇਹਨਾਂ ਨੇ ਹਮੇਸ਼ਾ ਅਤੀਤ ਨੂੰ ਵਰਤਮਾਨ ਗਿਆਨ ਦੇ ਨਾਲ ਲੈ ਕੇ ਭਵਿੱਖ ਵੱਲ ਜਾਣ ਦਾ ਮਾਰਗ ਸੁਝਾਇਆ ਹੈ । ਮਹਾਤਮਾ ਗਾਂਧੀ ਨੇ ਸਭ ਤੋਂ ਪਹਿਲਾਂ ਸਾਡੀਆਂ ਅਤੀਤਮੁਖੀ ਮਹਾਨ ਪ੍ਰੰਪਰਾਵਾਂ/ਮੁੱਲਾਂ ਲਈ ਆਵਾਜ਼ ਉਠਾਈ । ਅਚਾਰੀਆ ਵਿਨੋਬਾਭਾਵੇ ਨੇ ਵੀ ਅਤੀਤ ਦੀ ਦ੍ਰਿਸ਼ਟੀ ਵਿੱਚੋਂ ਵਰਤਮਾਨ ਤੇ ਭਵਿੱਖ ਨੂੰ ਤਲਾਸ਼ਿਆ । ਆਧੁਨਿਕ ਹੋਣ ਦੇ ਬਾਵਜੂਦ ਰਵਿੰਦਰ ਨਾਥ ਟੈਗੋਰ ਨੇ ਅਤੀਤ ਦੇ ਗਿਆਨ ਦਾ ਸਮਰਥਨ ਕੀਤਾ । ਅੱਜ ਵੀ ਸਾਡਾ ਅਤੀਤ ਸਾਡੇ ਨਾਲ ਹੈ । ਅਤੀਤ ਸਾਡੀ ਸਭ ਤੋਂ ਵੱਡੀ ਵਿਰਾਸ਼ਤ ਹੈ । (632 ਸ਼ਬਦ)

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ : 20**

ਇਹ ਜੀਵਨ ਦਾ ਸੱਚ ਹੈ ਕਿ ਜੇਕਰ ਚੱਲਦੇ ਸਮੇਂ ਤੁਸੀਂ ਧਿਆਨ ਨਾਲ ਨਹੀਂ ਚੱਲੋਂਗੇ ਤਾਂ ਤੁਹਾਡਾ ਪੈਰ ਕੀਚੜ ਜਾਂ ਡੂੰਘੇ ਖੱਡੇ ਵਿੱਚ ਗਿਰ ਸਕਦਾ ਹੈ । ਇਹ ਸੱਚ ਵਿਗਿਆਨ ਦੇ ਵਿਕਾਸ ਉੱਪਰ ਵੀ ਲਾਗੂ ਹੁੰਦਾ ਹੈ । ਜੇਕਰ ਅਸੀਂ ਸਾਇੰਸ ਦੀ ਵਰਤੋਂ ਮਾਨਵ ਕਲਿਆਣ ਅਤੇ ਵਿਕਾਸ ਲਈ ਕਰਾਂਗੇ ਤਾਂ ਇਹ ਸਾਡੇ ਲਈ ਵਰਦਾਨ ਸਾਬਿਤ ਹੋਵੇਗੀ । ਪਰ ਜੇਕਰ ਇਸਦੀ ਵਰਤੋਂ ਵਿਨਾਸ਼ਕਾਰੀ ਕੰਮਾਂ ਲਈ ਹੋਵੇਗੀ ਤਾਂ ਬਿਨਾਂ ਸ਼ੱਕ ਇਹ ਮਾਨਵਤਾ ਲਈ ਹਾਨੀਕਾਰਕ ਅਤੇ ਸ਼ਰਾਪ ਬਣ ਜਾਵੇਗੀ । ਭਾਵੇਂ ਸਾਇੰਸ ਨੇ ਸਾਨੂੰ ਪਦਾਰਥਕ ਸੁੱਖ-ਸਹੂਲਤਾਂ ਦਿੱਤੀਆਂ ਹਨ, ਪਰ ਆਪਣੇ ਵਿਨਾਸ਼ਕਾਰੀ ਸੁਭਾਅ ਕਾਰਨ ਇਹ ਸਾਨੂੰ ਮਾਨਸਿਕ ਸ਼ਾਂਤੀ ਅਤੇ ਖੁਸ਼ੀ ਪ੍ਰਦਾਨ ਕਰਨ ਵਿੱਚ ਅਸਫ਼ਲ ਰਹੀ ਹੈ । ਪਦਾਰਥਕ ਤਰੱਕੀ ਨਾਲ ਮਨੁੱਖਾ ਜੀਵਨ ਵਧੇਰੇ ਰੁਝੇਵਿਆਂ ਭਰਪੂਰ ਤੇ ਮਸ਼ੀਨੀ ਬਣ ਗਿਆ ਹੈ । ਨਤੀਜੇ ਵਜੋਂ ਸਾਇੰਸ ਦੀ ਤਰੱਕੀ ਨੇ ਮਨੁੱਖ ਨੂੰ ਮਾਨਸਿਕ ਸ਼ਾਂਤੀ ਅਤੇ ਖੁਸ਼ੀ ਤੋਂ ਵੰਚਿਤ ਕਰ ਦਿੱਤਾ ਹੈ । ਨੈਤਿਕ ਮੁੱਲ ਅਤੇ ਮਾਨਵੀ ਗੁਣਾਂ ਦੀ ਹਾਨੀ ਹੋਈ ਹੈ । ਇਹ ਸਭ ਮਨੁੱਖ ਦੁਆਰਾ ਸਇੰਸ ਦੀ ਦੁਰਵਰਤੋਂ ਕਾਰਨ ਹੋਇਆ ਹੈ ਇਸ ਨਾਲ ਮਨੁੱਖ ਨੇ ਆਪਣੇ ਲਈ ਵੱਡੇ ਸੰਕਟ ਪੈਦਾ ਕਰ ਲਏ ਹਨ । ਵੱਡੇ-ਵੱਡੇ ਵਿਨਾਸ਼ਕਾਰੀ ਹਥਿਆਰ ਵਿਗਿਆਨਕ ਖੋਜਾਂ ਦਾ ਨਤੀਜਾਂ ਹਨ ।

ਜਦੋਂ ਮਨੁੱਖ ਆਪਣੇ ਵਿਅਕਤੀਗਤ ਸਵਾਰਥ ਨੂੰ ਛੱਡ ਕੇ ਵਿਗਿਆਨ ਦੀ ਵਰਤੋਂ ਮਾਨਵਤਾ ਦੇ ਕਲਿਆਣ ਲਈ ਕਰੇਗਾ ਤਾਂ ਬਿਨਾਂ ਸ਼ੱਕ ਵਿਗਿਆਨ ਮਾਨਵ ਜੀਵਨ ਦੇ ਵਿਕਾਸ ਅਤੇ ਕਲਿਆਣ ਲਈ ਸਹਾਈ ਹੋਵੇਗੀ ।



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

**Q5.** ਹੇਠ ਲਿਖੇ ਗੱਦ-ਟੋਟੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ : *20*

One of India's greatest musicians was M.S. Subbulakshmi, affectionately known to most people as 'MS'. Her singing brought joy to millions of people not only in all parts of our country, but in other countries around the world as well. In October 1966, MS was invited to sing in the great hall of the General Assembly of the United Nations in New York, while representatives of all the member countries listened. This was one of the greatest honours ever given to any musician. For several hours MS kept that international audience spellbound with the beauty of her voice and her style of singing; when the concert was over, the entire audience stood up and clapped as a sign of their appreciation of not only the singer but of the great music that she had carried with her from an ancient land. India could not have had a better ambassador. MS was the first musician ever to be awarded the 'Bharat Ratna', India's highest civilian honour. She was the first Indian musician to receive the Ramon Magsaysay Award in 1974 with the citation reading "exacting purists acknowledge Shrimati M.S. Subbulakshmi as the leading exponent of classical and semi-classical songs in the Carnatic tradition of South India".

**Q6.** (a) ਹੇਠ ਲਿਖੇ ਸ਼ਬਦ-ਜੋੜ ਠੀਕ ਕਰਕੇ ਲਿਖੋ : *1×10=10*

(i) ਅਕੱਤੀ *1*

(ii) ਛੈਤਾਨ *1*

(iii) ਜਬਾਰੀਆ *1*

(iv) ਟੈਰ *1*

(v) ਠਾਨਾ *1*

(vi) ਪੌਹੰਚੀ *1*

(vii) ਜਮਹਾਂ *1*

(viii) ਕੰਗਾ *1*

(ix) ਸਬੈਮਾਨ *1*

(x) ਪਘੜੀ *1*



raadheythevisiion.in

RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009

(b) ਹੇਠ ਲਿਖੇ ਅਖਾਣਾਂ-ਮੁਹਾਵਰਿਆਂ ਦੇ ਅਰਥ ਦੱਸਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *2×5=10*

(i) ਅੱਖਾਂ ਵਿੱਚ ਘੱਟਾ ਪਾਉਣਾ *2*

(ii) ਈਨ ਮੰਨਣੀ *2*

(iii) ਉਹ ਦਿਨ ਡੁੱਬਾ ਜਦੋਂ ਘੋੜੀ ਚੜ੍ਹਿਆ ਕੁੱਬਾ *2*

(iv) ਗੰਗਾ ਗਏ ਤਾਂ ਗੰਗਾ ਰਾਮ, ਜਮਨਾ ਗਏ ਤਾਂ ਜਮਨਾ ਦਾਸ *2*

(v) ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ *2*

(c) ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ : *1×10=10*

(i) ਅਨੁ *1*

(ii) ਹਮ *1*

(iii) ਦੁਰ *1*

(iv) ਪਰਿ *1*

(v) ਗ਼ੈਰ *1*

(vi) ਜਨਕ *1*

(vii) ਮਈ *1*

(viii) ਕਾਰ *1*

(ix) ਨਾਕ *1*

(x) ਅਲ *1*

(d) ਹੇਠ ਲਿਖੇ ਵਾਕਾਂ ਦੀ ਥਾਂ 'ਤੇ ਇੱਕ-ਇੱਕ ਸ਼ਬਦ ਦੀ ਵਰਤੋਂ ਕਰੋ : *1×10=10*

(i) ਜੋ ਕਦੇ ਨਾ ਥੱਕੇ *1*

(ii) ਕੀਤੇ ਨੂੰ ਨਾ ਜਾਣਨ ਵਾਲਾ *1*

(iii) ਕਿਸੇ ਉੱਚੇ ਆਦਰਸ਼ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਵਾਲਾ *1*

(iv) ਚਹੁੰ ਪੈਰਾਂ ਵਾਲਾ ਪਸ਼ੂ *1*

(v) ਜਿਸ ਥਾਂ ਪੈਸੇ, ਰੁਪਏ ਆਦਿ ਦੇ ਸਿੱਕੇ ਬਣਾਏ ਜਾਂਦੇ ਹਨ *1*

(vi) ਘਰ ਵਿੱਚ ਪਹਿਲਾਂ ਪੈਦਾ ਹੋਇਆ ਪੁੱਤਰ/ਧੀ *1*

(vii) ਜੋ ਆਮ ਜਿਹਾ ਨਾ ਹੋਵੇ, ਖਾਸ ਹੋਵੇ *1*

(viii) ਮੌਤ ਪਿੱਛੋਂ ਆਇਆ ਸਲਾਨਾ ਮੌਤ ਦਾ ਦਿਨ *1*

(ix) ਜਿਹੜਾ ਕਦੇ ਇੱਕ ਧੜੇ ਨਾਲ ਹੋਵੇ, ਕਦੇ ਦੂਜੇ ਧੜੇ ਨਾਲ ਹੋਵੇ *1*

(x) ਉਹ ਲੜਾਈ ਜਿਸ ਵਿੱਚ ਬਹੁਤ ਸਾਰੇ ਵਿਅਕਤੀ ਮਾਰੇ ਜਾਣ *1*



RaadheytheVisiion || Contact us: - +919625757536; +918889907405
mailto:mentorship@raadheythevisiion.in raadheythevisiion.in
Mukherjee Nagar, North West, Delhi-110009
raadheythevisiion.in